# ਦਫ਼ਤਰ ਨਗਰ ਕੌਂਸਲ ਬਰਨਾਲਾ (ਬਰਨਾਲਾ)

## Municipal Council Barnala (Barnala)

Email:- ddlgp.barnala@yahoo.com
ਟੈਲੀਫੋਨ ਨੰਬਰ:-01679-230048

ਨੰਬਰ:- 303/ਮ.ਟੈਕ  ਮਿਤੀ:- 16-07-2018

ਸੇਵਾ ਵਿਖੇ,

ਚੀਫ ਐਗਜੀਕਿਊਟਿਵ ਅਫਸਰ,
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਪੰਜਾਬ, ਚੰਡੀਗੜ੍ਹ।

ਵਿਸ਼ਾ:- ਬਰਨਾਲਾ ਵਿਖੇ ਸੀਵਰੇਜ ਦੀ ਸਮੱਸਿਆ ਅਤੇ ਅਰਬਨ ਮਿਸ਼ਨ ਅਧੀਨ ਕੀਤੇ ਕੰਮਾ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਨਗਰ ਕੌਂਸਲ ਬਰਨਾਲਾ ਦੀ ਹਦੂਦ ਅੰਦਰ ਮੇਂਦੇ ਏਰੀਏ ਸੇਖਾ ਰੋਡ ਪਰ ਨਗਰ ਕੌਂਸਲ ਦੇ ਤਕਰੀਬਨ 6,7 ਵਾਰਡ ਲੱਗਦੇ ਹਨ। ਇੰਨਾ ਵਾਰਡਾ ਵਿੱਚ ਸੀਵਰੇਜ ਲਾਈਨਾ ਦੀ ਸਫਾਈ ਨਾ ਹੋਣ ਕਾਰਨ ਸੀਵਰ ਦਾ ਗੰਦਾ ਪਾਣੀ ਗਲੀਆ ਵਿੱਚ ਭਰ ਰਿਹਾ ਹੈ, ਜਿਸ ਨਾਲ ਅੱਤ ਦੀ ਗਰਮੀ ਦਾ ਮੌਸਮ ਹੋਣ ਕਾਰਨ ਭਿਆਨਕ ਬਿਮਾਰੀਆ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ. ਨਿਮਨਹਸਤਾਖਰ ਵੱਲੋਂ ਪਹਿਲਾ ਵੀ ਕਈ ਵਾਰ ਕਾਰਜਕਾਰੀ ਇੰਜਨੀਅਰ ਨੂੰ ਜੁਬਾਨੀ ਤੌਰ ਤੇ ਕਿਹਾ ਜਾ ਚੁੱਕਾ ਹੈ. ਕਿ ਇਸ ਏਰੀਏ ਵਿੱਚ ਸੀਵਰ ਲਾਈਨਾ ਦੀ ਸਫਾਈ ਸੁਪਰਸੈਕਸ਼ਨ ਮਸ਼ੀਨ ਨਾਲ ਕਰਵਾਈ ਜਾਵੇ ਤਾਂ ਜੋ ਸੀਵਰ ਦੇ ਪਾਣੀ ਦਾ ਨਿਕਾਸ ਹੋ ਸਕੇ। ਇੰਨਾ ਵਾਰਡਾ ਵਿੱਚ ਸੀਵਰ ਲਾਈਨਾ ਦੀ ਸਫਾਈ ਸੁਪਰਸੈਕਸ਼ਨ ਮਸ਼ੀਨ ਨਾਲ ਸਫਾਈ ਕਰਵਾਉਣ ਲਈ ਹਦਾਇਤਾ ਜਾਰੀ ਕੀਤੀਆ ਜਾਣ।

ਅਰਬਨ ਮਿਸ਼ਨ ਸਕੀਮ ਅਧੀਨ ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਵੱਲੋਂ ਠੇਕੇਦਾਰ ਰਾਹੀ ਗਲੀਆ ਵਿੱਚ ਸੀਵਰੇਜ ਦੀਆ ਲਾਈਨਾ ਪਾਈਆ ਗਈਆ ਹਨ ਅਤੇ ਹੌਦੀਆ ਬਣਾਕੇ ਗਲੀਆ ਵਿੱਚ ਪੱਥਰ ਪਾ ਦਿੱਤਾ ਗਿਆ ਪ੍ਰੰਤੂ ਪੀ.ਸੀ. ਕੰਮ ਪੈਂਡਿੰਗ ਛੱਡ ਦਿੱਤਾ ਗਿਆ. ਜਿਸ ਕਾਰਨ ਆਉਣ ਜਾਣ ਵਾਲੇ ਆਮ ਲੋਕਾ ਨੂੰ ਪੱਥਰ ਉੱਠਣ ਕਾਰਨ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਇਸ ਕੰਮ ਨੂੰ ਪਹਿਲ ਦੇ ਅਧਾਰ ਤੇ ਪੀ.ਸੀ. ਪਵਾਕੇ ਮੁਕੰਮਲ ਕਰਵਾਉਣ ਲਈ ਹਦਾਇਤਾ ਜਾਰੀ ਕੀਤੀਆ ਜਾਣ ਤਾਂ ਜੋ ਆਮ ਪਬਲਿਕ ਨੂੰ ਆ ਰਹੀਆ ਪ੍ਰੇਸ਼ਾਨੀਆ ਤੋ ਬਚਾਇਆ ਜਾ ਸਕੇ।

ਪ੍ਰਧਾਨ,
ਨਗਰ ਕੌਂਸਲ ਬਰਨਾਲਾ।

ਨੰਬਰ.......... ਮਿਤੀ..................

ਉਪਰੋਕਤ ਦਾ ਇੱਕ ਉਤਾਰਾ ਕਾਰਜਕਾਰੀ ਇੰਜਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਸੰਗਰੂਰ ਨੂੰ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਪ੍ਰਧਾਨ,
ਨਗਰ ਕੌਂਸਲ ਬਰਨਾਲਾ।

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 14144  ਮਿਤੀ: 09/08/2018

ਉਪਰੋਕਤ ਦੀ ਨਕਲ, ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸ਼ੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੈ।

ਕਾਰਜਕਾਰੀ ਇੰਜੀਨੀਅਰ (ਵ)